# Family Home Providers (ਪਰਿਵਾਰਕ ਘਰੇਲੂ ਪ੍ਰਦਾਤਾਵਾਂ) ਲਈ ਸਮਰੱਥਾ ਛੋਟ



## Family Home Child Care (ਪਰਿਵਾਰਕ ਘਰੇਲੂ ਬਾਲ ਦੇਖਭਾਲ) ਸਮਰੱਥਾ ਛੋਟ ਕੀ ਹੈ?

Washington ਸਟੇਟ ਕਾਨੂੰਨ, RCW 43.216.692, ਇੱਕ ਪਰਿਵਾਰਕ ਘਰੇਲੂ ਬਾਲ ਦੇਖਭਾਲ ਪ੍ਰਦਾਤਾ ਨੂੰ ਇੱਕ ਪ੍ਰਵਾਨਿਤ DCYF ਛੋਟ ਨਾਲ 12 ਤੋਂ ਵੱਧ ਬੱਚਿਆਂ ਦੀ ਦੇਖਭਾਲ ਕਰਨ ਦੀ ਆਗਿਆ ਦਿੰਦਾ ਹੈ ਜੋ WAC 110-300-0358 ਵਿੱਚ ਨਿਰਧਾਰਤ ਲੋੜਾਂ ਨੂੰ ਪੂਰਾ ਕਰਦਾ ਹੈ।

## ਬੇਨਤੀ ਕੀਤੀ ਗਈ ਕੁੱਲ ਸਮਰੱਥਾ

ਪ੍ਰਦਾਤਾ 12 ਤੋਂ ਵੱਧ ਪਰ ਵੱਧ ਤੋਂ ਵੱਧ 16 ਬੱਚਿਆਂ ਦੀ ਸੇਵਾ ਕਰਨ ਲਈ ਸਮਰੱਥਾ ਛੋਟ ਦੀ ਬੇਨਤੀ ਕਰ ਸਕਦੇ ਹਨ।

## ਬੱਚਿਆਂ ਦੀ ਉਮਰ

ਸਭ ਤੋਂ ਛੋਟੇ ਬੱਚੇ ਤੋਂ ਲੈ ਕੇ ਸਭ ਤੋਂ ਵੱਡੇ ਬੱਚੇ ਦੀ ਉਮਰ ਸ਼ਾਮਲ ਕਰੋ ਜਿਸ ਨੂੰ ਤੁਸੀਂ ਦੇਖਭਾਲ ਲਈ ਸਵੀਕਾਰ ਕਰੋਗੇ (ਨਾ ਸਿਰਫ ਉਹ ਜੋ ਇਸ ਸਮੇਂ ਤੁਹਾਡੀ ਦੇਖਭਾਲ ਵਿੱਚ ਹੈ)।

## ਦੋ ਸਾਲ ਤੋਂ ਘੱਟ ਉਮਰ ਦੇ ਬੱਚੇ

ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਕੁੱਲ ਗਿਣਤੀ ਜਿਨ੍ਹਾਂ ਨੂੰ ਤੁਸੀਂ ਦਾਖਲ ਕਰਨਾ ਚਾਹੁੰਦੇ ਹੋ। ਹਾਲਾਂਕਿ, ਇਹ ਛੋਟ ਦੋ ਸਾਲ ਤੋਂ ਘੱਟ ਉਮਰ ਦੇ ਛੇ ਬੱਚਿਆਂ ਤੋਂ ਵੱਧ ਦੀ ਸੀਮਾ ਨਿਰਧਾਰਤ ਨਹੀਂ ਕਰਦੀ ਹੈ।

## ਅਨੁਭਵ ਲੋੜੀਂਦਾ ਹੈ

ਲਾਇਸੰਸਸ਼ੁਦਾ ਪਰਿਵਾਰਕ ਘਰੇਲੂ ਬਾਲ ਦੇਖਭਾਲ ਪ੍ਰਦਾਤਾ, ਕੇਂਦਰ ਨਿਰਦੇਸ਼ਕ, ਪ੍ਰੋਗਰਾਮ ਸੁਪਰਵਾਈਜ਼ਰ, ਮੁੱਖ ਅਧਿਆਪਕ, ਜਾਂ ਇਸ ਤਰ੍ਹਾਂ ਦੀ ਭੂਮਿਕਾ ਵਜੋਂ ਤੁਹਾਡੇ ਕੋਲ ਘੱਟੋ ਘੱਟ ਤਿੰਨ ਸਾਲ ਹੋਣੇ ਚਾਹੀਦੇ ਹਨ।

## ਸਿੱਖਿਆ/ਸਿਖਲਾਈ ਲੋੜੀਂਦੀ ਹੈ

ਯੋਗ ਹੋਣ ਲਈ, ਤੁਹਾਡੇ ਕੋਲ Washington ਸਟੇਟ ਸ਼ਾਰਟ ਸਰਟੀਫਿਕੇਟ ਜਾਂ ਇਸ ਦੇ ਬਰਾਬਰ ਹੋਣਾ ਲਾਜ਼ਮੀ ਹੈ ਜਿਸਦੀ MERIT ਵਿੱਚ ਪੁਸ਼ਟੀ ਕੀਤੀ ਗਈ ਹੋਵੇ। ਇਸ ਤੋਂ ਇਲਾਵਾ, ਤੁਹਾਡੇ ਸਟਾਫ ਵਿੱਚ ਇੱਕ ਦੂਜਾ ਵਿਅਕਤੀ ਹੋਣਾ ਲਾਜ਼ਮੀ ਹੈ ਜਿਸ ਕੋਲ ਸ਼ੁਰੂਆਤੀ ਸਰਟੀਫਿਕੇਟ ਜਾਂ MERIT ਵਿੱਚ ਇਸ ਦੇ ਬਰਾਬਰ ਦੀ ਪੁਸ਼ਟੀ ਕੀਤੀ ਗਈ ਹੋਵੇ।

## ਸਥਾਨਕ ਸ਼ਹਿਰ/ਕਾਉਂਟੀ ਜ਼ੋਨਿੰਗ ਲੋੜਾਂ:

ਉਦਾਹਰਨਾਂ (ਸਥਾਨਕ ਲੋੜਾਂ ਵੱਖ-ਵੱਖ ਹੋਣਗੀਆਂ):

- ਇਹ ਯਕੀਨੀ ਬਣਾਉਣ ਲਈ ਕਿ ਘਰ ਲੋੜਾਂ ਨੂੰ ਪੂਰਾ ਕਰਦਾ ਹੈ, ਉਸ ਨੂੰ ਕਾਉਂਟੀ ਜਾਂ ਸ਼ਹਿਰ ਦੀ ਜਾਂਚ ਦੀ ਲੋੜ ਪਵੇਗੀ।
- ਇਜਾਜ਼ਤ ਪ੍ਰਾਪਤ ਸਪ੍ਰਿੰਕਲਰ ਸਿਸਟਮ (ਜ਼ਿਆਦਾਤਰ ਸ਼ਹਿਰ ਅਤੇ ਕਾਉਂਟੀਆਂ)
  *ਅਸੀਂ ਤੁਹਾਨੂੰ ਇਸ ਵੱਲ ਧਿਆਨ ਦੇਣਾ ਸ਼ੁਰੂ ਕਰਨ ਲਈ ਉਤਸ਼ਾਹਤ ਕਰਦੇ ਹਾਂ ਕਿਉਂਕਿ ਇਸ ਲਈ ਸੰਭਵ ਤੌਰ 'ਤੇ ਇੱਕ ਠੇਕੇਦਾਰ ਦੀ ਲੋੜ ਪਵੇਗੀ*
- ਰਸੋਈ ਵਿੱਚ ਹੀਟ ਡਿਟੈਕਟਰ ਦੀ ਲੋੜ ਹੈ
- ਬਿਜਲੀ ਚਲੇ ਜਾਣ ਦੀ ਸਥਿਤੀ ਵਿੱਚ ਨਿਕਾਸ ਰਸਤੇ ਦੀ ਲਾਈਟਿੰਗ ਨੂੰ ਆਪਣੇ ਆਪ ਚਾਲੂ ਹੋਣ ਦੀ ਲੋੜ ਹੈ

## ਅੰਦਰੂਨੀ ਸਪੇਸ ਲੋੜੀਂਦੀ ਹੈ

- ਪ੍ਰਤੀ ਬੱਚਾ 35 ਵਰਗ ਫੁੱਟ (ਉਮਰ ਦੀ ਪਰਵਾਹ ਕੀਤੇ ਬਿਨਾਂ) ਦੀ ਲੋੜ ਹੈ ਅਤੇ ਸਪੇਸ ਪਹਿਲਾਂ ਹੀ DCYF ਲਾਇਸੰਸਸ਼ੁਦਾ ਬਾਲ ਦੇਖਭਾਲ ਸਪੇਸ ਹੋਣੀ ਚਾਹੀਦੀ ਹੈ।
- ਇਸ ਤੋਂ ਇਲਾਵਾ, ਸਮਰੱਥਾ ਵਿੱਚ ਦੋ ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ, ਤੁਹਾਡੇ ਕੋਲ ਪਹਿਲਾਂ ਹੀ DCYF ਲਾਇਸੰਸਸ਼ੁਦਾ ਬਾਲ ਦੇਖਭਾਲ ਸਪੇਸ ਦਾ ਵਾਧੂ 15 ਵਰਗ ਫੁੱਟ ਹੋਣਾ ਚਾਹੀਦਾ ਹੈ।
- ਬਾਲ ਦੇਖਭਾਲ ਲਾਇਸੰਸਿੰਗ ਸਟਾਫ ਇਹ ਯਕੀਨੀ ਬਣਾਉਣ ਲਈ ਮਾਪ ਸਕਦਾ ਹੈ ਕਿ ਸਪੇਸ ਢੁਕਵੀਂ ਹੈ।

## ਬਾਹਰੀ ਸਪੇਸ ਲੋੜੀਂਦੀ ਹੈ

- ਪ੍ਰਤੀ ਬੱਚਾ 75 ਵਰਗ ਫੁੱਟ (ਉਮਰ ਦੀ ਪਰਵਾਹ ਕੀਤੇ ਬਿਨਾਂ) ਦੀ ਲੋੜ ਹੈ ਅਤੇ ਸਪੇਸ ਪਹਿਲਾਂ ਹੀ DCYF ਲਾਇਸੰਸਸ਼ੁਦਾ ਬਾਲ ਦੇਖਭਾਲ ਸਪੇਸ ਹੋਣੀ ਚਾਹੀਦੀ ਹੈ।
- Iਜੇ ਤੁਹਾਡੇ ਕੋਲ ਬਾਹਰੀ ਸਪੇਸ ਦੀ ਲੋੜੀਂਦੀ ਮਾਤਰਾ ਨਹੀਂ ਹੈ, ਤਾਂ ਤੁਸੀਂ ਇੱਕ ਲਿਖਤੀ ਪਲਾਨ ਜਮ੍ਹਾਂ ਕਰ ਸਕਦੇ ਹੋ ਕਿ ਤੁਸੀਂ *ਸਟਾਫਿੰਗ ਪਲਾਨ ਅਤੇ ਸਪੇਸ* ਦੀ ਵਰਤੋਂ ਸੈਕਸ਼ਨ ਵਿੱਚ ਬੱਚਿਆਂ ਨੂੰ ਕਿਵੇਂ ਘੁਮਾਓਗੇ।

## ਪਖਾਨੇ ਅਤੇ ਸਿੰਕ ਜ਼ਰੂਰੀ ਹਨ

ਬਾਥਰੂਮ ਦੀ ਵਰਤੋਂ ਕਰਨ ਦੀ ਉਮਰ ਵਾਲੇ ਹਰੇਕ 15 ਲੋਕਾਂ ਲਈ ਇੱਕ ਪਖਾਨਾ ਅਤੇ ਇੱਕ ਸਿੰਕ ਹੋਣਾ ਲਾਜ਼ਮੀ ਹੈ। ਇਸ ਵਿੱਚ ਸਾਰੇ ਪਰਿਵਾਰਕ ਮੈਂਬਰ, ਸਟਾਫ ਅਤੇ ਸਾਈਟ 'ਤੇ ਬੱਚੇ ਸ਼ਾਮਲ ਹਨ। ਸਟਾਫ ਅਤੇ ਘਰ ਦੇ ਮੈਂਬਰ ਬਿਨਾਂ ਲਾਇਸੰਸ ਵਾਲੀ ਸਪੇਸ 'ਤੇ ਪਖਾਨੇ ਅਤੇ ਸਿੰਕ ਦੀ ਵਰਤੋਂ ਕਰ ਸਕਦੇ ਹਨ ਪਰ ਬਾਲ ਦੇਖਭਾਲ ਵਾਲੇ ਬੱਚੇ ਅਜਿਹਾ ਨਹੀਂ ਕਰ ਸਕਦੇ। DCYF ਨੂੰ ਤੁਹਾਨੂੰ ਇਹ ਪਛਾਣ ਕਰਨ ਦੀ ਲੋੜ ਪਵੇਗੀ ਕਿ ਤੁਹਾਡੇ ਵਾਧੂ ਪਖਾਨੇ ਅਤੇ ਸਿੰਕ ਕਿੱਥੇ ਸਥਿਤ ਹਨ ਅਤੇ ਤੁਹਾਡੇ ਸਟਾਫ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤੁਹਾਡਾ ਪਲਾਨ ਕੀ ਹੈ। ਕਿਰਪਾ ਕਰਕੇ ਇੱਕ ਲਿਖਤੀ ਪਲਾਨ ਜਮ੍ਹਾਂ ਕਰੋ ਕਿ ਤੁਸੀਂ ***ਸਟਾਫਿੰਗ ਪਲਾਨ ਅਤੇ ਸਪੇਸ*** ਦੀ ਵਰਤੋਂ ਸੈਕਸ਼ਨ ਵਿੱਚ ਪਖਾਨੇ ਅਤੇ ਸਿੰਕਾਂ ਦਾ ਪ੍ਰਬੰਧਨ ਕਿਵੇਂ ਕਰੋਗੇ।

## ਸੈਪਟਿਕ ਸਿਸਟਮ ਤਸਦੀਕ

ਜੇ ਕੋਈ ਬਾਲ ਦੇਖਭਾਲ ਸੁਵਿਧਾ ਸੈਪਟਿਕ 'ਤੇ ਹੈ, ਤਾਂ ਜਨਤਕ ਸਿਹਤ ਜਾਂ ਹੋਰ ਯੋਗਤਾ ਪ੍ਰਾਪਤ ਸੈਪਟਿਕ ਸਿਸਟਮ ਇੰਸਪੈਕਟਰ ਤੋਂ ਤਸਦੀਕ ਦੀ ਲੋੜ ਹੁੰਦੀ ਹੈ ਜੋ ਇਹ ਦਰਸਾਉਂਦੀ ਹੈ ਕਿ ਤੁਹਾਡਾ ਸਿਸਟਮ ਪਰਿਵਾਰਕ ਮੈਂਬਰਾਂ, ਸਟਾਫ ਅਤੇ ਬੱਚਿਆਂ ਦੀ ਬੇਨਤੀ ਕੀਤੀ ਸਮਰੱਥਾ ਸਮੇਤ ਲੋਕਾਂ ਦੀ ਕੁੱਲ ਗਿਣਤੀ ਨੂੰ ਸੰਭਾਲਣ ਦੇ ਸਮਰੱਥ ਹੈ।

## ਪ੍ਰੋਗਰਾਮ ਦੀਆਂ ਲੋੜਾਂ

ਇੱਕ ਪਰਿਵਾਰਕ ਘਰੇਲੂ ਬਾਲ ਦੇਖਭਾਲ ਪ੍ਰਦਾਤਾ ਨੂੰ ਲਾਜ਼ਮੀ ਤੌਰ 'ਤੇ ਪ੍ਰੋਗਰਾਮ ਵਿੱਚ ਦਾਖਲ ਹਰੇਕ ਬੱਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਚੀਜ਼ਾਂ ਦੀ ਸਪਲਾਈ ਕਰਨੀ ਚਾਹੀਦੀ ਹੈ:

- ਕਿਊਬੀਜ਼/ਨਿੱਜੀ ਸਟੋਰੇਜ ਸਪੇਸ
- ਝਪਕੀ ਲਈ ਮੈਟ/ਖਾਟ
- ਪਾਲਣ ਵਾਲੇ/ਪਲੇਪੈਨ/ਪੈਕ ਅਤੇ ਖੇਲ
- ਬੈਠਣ ਵਾਲੇ ਟੇਬਲ
- ਖਿਡੌਣੇ
- ਖੇਡਾਂ
- ਸਿੱਖਣ ਦੀ ਸਮੱਗਰੀ
- ਬਾਹਰੀ ਉਪਕਰਣ
- WAC 110-300 ਵਿੱਚ ਦਰਸਾਏ ਅਨੁਸਾਰ ਹੋਰ ਚੀਜ਼ਾਂ

## ਐਮਰਜੈਂਸੀ ਤਿਆਰੀ

ਤੁਹਾਡੀ ਐਮਰਜੈਂਸੀ ਤਿਆਰੀ ਪਲਾਨ ਨੂੰ ਦੇਖਭਾਲ ਵਿੱਚ ਬੱਚਿਆਂ ਦੀਆਂ ਵੱਖ-ਵੱਖ ਮਾਤਰਾਵਾਂ ਨੂੰ ਸ਼ਾਮਲ ਕਰਨ ਲਈ ਅੱਪਡੇਟ ਕਰਨ ਦੀ ਲੋੜ ਪੈ ਸਕਦੀ ਹੈ। ਜੇ ਸੋਧਾਂ ਕੀਤੀਆਂ ਜਾਂਦੀਆਂ ਹਨ, ਤਾਂ ਕਿਰਪਾ ਕਰਕੇ ਬਾਲ ਸੰਭਾਲ ਲਾਇਸੰਸਿੰਗ ਸਟਾਫ ਨੂੰ ਪ੍ਰਵਾਨਗੀ ਲਈ ਇੱਕ ਨਵੀਨਤਮ ਪਲਾਨ ਭੇਜੋ।

## ਸਟਾਫਿੰਗ ਪਲਾਨ ਅਤੇ ਸਪੇਸ ਦੀ ਵਰਤੋਂ

ਇਸ ਸੈਕਸ਼ਨ ਵਿੱਚ, ਤੁਸੀਂ ਉਨ੍ਹਾਂ ਚੀਜ਼ਾਂ ਬਾਰੇ ਵਿਸਥਾਰ ਨਾਲ ਦੱਸ ਸਕਦੇ ਹੋ ਜਿੰਨ੍ਹਾਂ ਨੂੰ ਵਾਧੂ ਸਪਸ਼ਟੀਕਰਨ ਜਾਂ ਪ੍ਰਵਾਨਗੀ ਦੀ ਲੋੜ ਹੈ, ਜਿਵੇਂ ਕਿ ਲੋੜੀਂਦੇ ਪਖਾਨੇ ਅਤੇ ਸਿੰਕ, ਬਾਹਰੀ ਖੇਲ, ਆਦਿ।

## ਸਮਰੱਥਾ ਛੋਟ ਬੇਨਤੀਆਂ:

- ਸਥਾਨਕ ਸ਼ਹਿਰ/ਕਾਊਂਟੀ ਦੁਆਰਾ ਪ੍ਰਵਾਨਿਤ Family Home Child Care (ਪਰਿਵਾਰਕ ਘਰੇਲੂ ਬਾਲ ਦੇਖਭਾਲ) ਸਮਰੱਥਾ ਛੋਟ ਚੈੱਕਲਿਸਟ ਪ੍ਰਾਪਤ ਕਰੋ: **https://www.dcyf.wa.gov/forms?field_number_value=10-019&title=**
- ਪ੍ਰਦਾਤਾ ਪੋਰਟਲ ਰਾਹੀਂ ਪ੍ਰਵਾਨਿਤ ਚੈੱਕਲਿਸਟ ਅਤੇ ਸਮਰੱਥਾ ਛੋਟ ਬੇਨਤੀ ਫਾਰਮ ਜਮ੍ਹਾਂ ਕਰੋ।

### ਜੇ ਮੇਰੇ ਕੋਈ ਸਵਾਲ ਹਨ ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

ਕਿਰਪਾ ਕਰਕੇ ਆਪਣੇ ਸਥਾਨਕ Child Care Licensing Office (ਬਾਲ ਦੇਖਭਾਲ ਲਾਇਸੰਸਿੰਗ ਦਫਤਰ) ਜਾਂ ਆਪਣੇ Child Care Licensor (ਬਾਲ ਦੇਖਭਾਲ ਲਾਇਸੰਸਧਾਰਕ) ਨਾਲ ਸੰਪਰਕ ਕਰੋ।

## ਮਹੱਤਵਪੂਰਨ ਲਿੰਕ

RCW 43.216.692: **https://app.leg.wa.gov/rcw/default.aspx?cite=43.216.692#:~:text=The%20department%20may%20waive%20the,not%20more%20than%2012%20children.**

WAC 110-300-0358: **https://app.leg.wa.gov/WAC/default.aspx?cite=110-300-0358**

ਛੋਟਾ ਸਰਟੀਫਿਕੇਟ ਜਾਂ ਬਰਾਬਰ: **https://www.dcyf.wa.gov/services/early-learning-providers/qualifications/child-care-providers**

MERIT: **https://apps.dcyf.wa.gov/MERIT**

WAC 110-300: **https://app.leg.wa.gov/WAC/default.aspx?cite=110-300**

Emergency Preparedness Plan (ਐਮਰਜੈਂਸੀ ਤਿਆਰੀ ਪਲਾਨ): **https://app.leg.wa.gov/WAC/default.aspx?cite=110-300-0470**

Child Care Licensing Office (ਬਾਲ ਦੇਖਭਾਲ ਲਾਇਸੰਸਿੰਗ ਦਫਤਰ): **https://dcyf.wa.gov/find-an-office/el-offices**

## FAMILY HOME EARLY LEARNING PROGRAMS CAPACITY CHART 13+ CAPACITY WAIVER (ਪਰਿਵਾਰਕ ਘਰੇਲੂ ਸ਼ੁਰੂਆਤੀ ਸਿਖਲਾਈ ਪ੍ਰੋਗਰਾਮ ਸਮਰੱਥਾ ਚਾਰਟ 13+ ਸਮਰੱਥਾ ਛੋਟ)

*ਹਵਾਲਾ WAC 110-300-0358*

| ਉਮਰ/ਗਰੁੱਪ | ਵੱਧ ਤੋਂ ਵੱਧ ਅਨੁਪਾਤ | ਗਰੁੱਪ ਡਾਇਨਾਮਿਕ | 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸੀਮਾ |
|---|---|---|---|
| **2-12 ਸਾਲ** | **1:8**<br>ਜਦੋਂ ਦੇਖਭਾਲ ਵਿੱਚ 13 ਜਾਂ ਵਧੇਰੇ ਬੱਚੇ ਹੁੰਦੇ ਹਨ, ਤਾਂ ਘੱਟੋ ਘੱਟ ਦੋ ਸਟਾਫ (ਲਾਇਸੰਸਧਾਰਕ ਸਮੇਤ) ਹੋਣਗੇ | ਮਿਸ਼ਰਤ ਉਮਰ 2 ਸਾਲ ਤੋਂ 12 ਸਾਲ ਤੱਕ | 2 ਸਾਲ ਤੋਂ ਘੱਟ ਉਮਰ ਦੇ ਕੋਈ ਬੱਚੇ ਨਹੀਂ |
| **ਜਨਮ-12 ਸਾਲ** | **1:6**<br>ਜਦੋਂ ਦੇਖਭਾਲ ਵਿੱਚ 13 ਜਾਂ ਵਧੇਰੇ ਬੱਚੇ ਹੁੰਦੇ ਹਨ, ਤਾਂ ਘੱਟੋ ਘੱਟ ਤਿੰਨ ਸਟਾਫ (ਲਾਇਸੰਸਧਾਰਕ ਸਮੇਤ) ਹੋਣਗੇ | ਦੋ ਸਾਲ ਤੋਂ ਘੱਟ ਉਮਰ ਦੇ ਘੱਟੋ ਘੱਟ ਦੋ ਬੱਚੇ ਸੁਤੰਤਰ ਤੌਰ 'ਤੇ ਤੁਰ ਸਕਦੇ ਹਨ | 6 |
| | | ਦੋ ਸਾਲ ਤੋਂ ਘੱਟ ਉਮਰ ਦਾ ਘੱਟੋ ਘੱਟ ਇੱਕ ਬੱਚਾ ਸੁਤੰਤਰ ਤੌਰ 'ਤੇ ਤੁਰ ਸਕਦਾ ਹੈ | 5 |
| | | ਜਦੋਂ ਦੋ ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਸੁਤੰਤਰ ਤੌਰ 'ਤੇ ਨਹੀਂ ਤੁਰ ਸਕਦਾ | 4 |

*ਜੇ ਤੁਸੀਂ ਅਪੰਗਤਾ ਵਾਲੇ ਵਿਅਕਤੀ ਹੋ ਅਤੇ Americans with Disabilities Act (ਅ ਮਰੀਕੀ ਅਪਾਹਜਤਾ ਐਕਟ) ਦੇ ਤਹਿਤ ਪ੍ਰਦਾਨ ਕੀਤੇ ਗਏ ਆਪਣੇ ਅਧਿਕਾਰਾਂ ਬਾਰੇ ਚਿੰਤਤ ਹੋ, ਤਾਂ ਕਿਰਪਾ ਕਰਕੇ* ***www.dcyf.wa.gov/publications-library/HR_0012*** *'ਤੇ ਔਨਲਾਈਨ ਸ਼ਿਕਾਇਤ ਕਿਵੇਂ ਦਰਜ ਕਰਨੀ ਹੈ, ਇਸ ਬਾਰੇ ਹੋਰ ਜਾਣਕਾਰੀ ਅਤੇ ਹਦਾਇਤਾਂ ਲਈ ਪ੍ਰਕਾਸ਼ਨ ਪਬਲਿਕ ਨੋਟਿਸ ਆਫ ਨਾਨ-ਡਿਸਕ੍ਰਿਮੀਨੇਸ਼ਨ (HR_0012) ਦੇਖੋ।*

*ਜੇ ਤੁਸੀਂ ਇਸ ਪ੍ਰਕਾਸ਼ਨ ਦੀਆਂ ਮੁਫਤ ਕਾਪੀਆਂ ਕਿਸੇ ਵਿਕਲਪਕ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DCYF Constituent Relations ਨਾਲ 1-800-723-4831 'ਤੇ ਸੰਪਰਕ ਜਾਂ* ***communications@dcyf.wa.gov*** *'ਤੇ ਈਮੇਲ ਕਰੋ।*